# ਪੰਜਾਬ ਸਕੂਲ ਸਿੱਖਿਆ ਬੋਰਡ

ਵਿਦਿਆ ਭਵਨ, ਫੇਜ਼-8, ਐਸ.ਏ.ਐਸ.ਨਗਰ

ਵੱਲ:

ਪੰਜਾਬ ਰਾਜ ਦੀਆਂ ਸਮੂਹ (ਐਫੀਲੀਏਟਿਡ/
ਐਸੋਸੀਏਟਿਡ/ਏਡਿਡ/ਸਰਕਾਰੀ) ਸਿੱਖਿਆ ਸੰਸਥਾ

ਨੰਬਰ: ਪਸਸਬ-ਪੀ.ਏ/ਸਕੱਤਰ/2018/63.......
ਮਿਤੀ: 26.09.18..

**ਵਿਸ਼ਾ:- ਦਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲਾ ਲੈਣ ਸਬੰਧੀ ਹਦਾਇਤਾਂ ਦੀ ਪਾਲਣਾ ਨਾ ਕਰਨ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਧਿਆਨ ਵਿੱਚ ਕਈ ਸੰਸਥਾਵਾਂ ਵੱਲੋਂ ਸਾਲ/ਸੈਸ਼ਨ 2017-18 ਲਈ ਨੌਵੀਂ/ਦਸਵੀਂ ਸ਼੍ਰੇਣੀ ਅਤੇ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਨੂੰ ਦਫ਼ਤਰ ਵੱਲੋਂ ਜਾਰੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਤੀ ਅਗਵਾਈ ਲੀਹਾਂ ਨੂੰ ਨਜ਼ਰ ਅੰਦਾਜ ਕਰਦੇ ਹੋਏ ਦਾਖਲਾ ਕੀਤਾ ਜਾ ਰਿਹਾ ਹੈ ਜਦੋਂ ਕਿ ਦਫ਼ਤਰ ਵੱਲੋਂ ਨੌਵੀਂ/ਦਸਵੀਂ ਸ਼੍ਰੇਣੀ ਅਤੇ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੀਆਂ ਜਾਰੀ ਯੋਗਤਾਵਾਂ ਅਤੇ ਸ਼ਰਤਾਂ ਕ੍ਰਮਵਾਰ ਲੜੀ ਨੰ: 7 ਅਤੇ 3 (ਭਾਗ-ਅ) ਵਿੱਚ ਜ਼ਿਕਰ ਕੀਤਾ ਗਿਆ ਸੀ

**" ਜੇ ਕੋਈ ਰੈਗੂਲਰ ਉਮੀਦਵਾਰ ਦਸਵੀਂ/ਬਾਰ੍ਹਵੀਂ ਸ਼੍ਰੇਣੀ ਸਬੰਧੀ ਪ੍ਰੀਖਿਆ ਦੀ ਕੰਪਾਰਟਮੈਂਟ/ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਦਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਦਸਵੀਂ/ਬਾਰ੍ਹਵੀਂ ਸ਼੍ਰੇਣੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਪੂਰਥਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਮੁੜ ਦਾਖ਼ਲਾ ਲੈ ਸਕੇਗਾ"**

ਸਕੂਲ ਇਹਨਾਂ ਹਦਾਇਤਾਂ ਦੀ ਪਾਲਣਾ ਕੀਤੇ ਬਿਨਾਂ ਆਰਜ਼ੀ ਦਾਖ਼ਲਾ ਕਰਵਾ ਲੈਂਦੇ ਹਨ ਅਤੇ ਬਾਅਦ ਵਿੱਚ ਸਬੰਧਤ ਪ੍ਰੀਖਿਆਵਾਂ ਦਾ ਪੂਰਥਲਾ ਨਤੀਜਾ ਰੱਦ ਕਰਵਾਏ ਬਗੈਰ ਦਫ਼ਤਰ ਨੂੰ ਬਾਅਦ ਵਿੱਚ ਰੈਗੂਲਰ ਦਾਖਲਾ ਲੈਣ ਲਈ ਪ੍ਰਵਾਨਗੀ ਦੇਣ ਲਈ ਪ੍ਰਤੀ-ਬੇਨਤੀਆਂ ਦਿੰਦੇ ਹਨ। ਸਮੂਹ ਸੰਸਥਾਵਾਂ ਨੂੰ ਇਸ ਪੱਤਰ ਰਾਹੀਂ ਸ਼ਖਤ ਹਦਾਇਤ ਕੀਤੀ ਜਾਂਦੀ ਹੈ ਕਿ ਦਫ਼ਤਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀਆਂ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ। ਹਦਾਇਤਾਂ ਦੀ ਪਾਲਣਾ ਨਾ ਕਰਨ ਵਾਲੀ ਸੰਸਥਾ ਦੇ ਵਿਰੁੱਧ ਨਿਯਮਾਂ ਅਨੁਸਾਰ ਸਖਤ ਕਾਰਵਾਈ/ਜੁਰਮਾਨੇ ਲਗਾਏ ਜਾਣਗੇ ਜਿਸਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ: ਪਸਸਬ/ਪੀ.ਏ./ਸਕੱਤਰ/2018/.64........ ਮਿਤੀ: 26.09.18...

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ, ਸਕੱਤਰੇਤ-2, ਸੈਕਟਰ-9, ਚੰਡੀਗੜ੍ਹ;
2. ਡੀ.ਪੀ.ਆਈ. (ਸੈ:ਸਿ:), ਪੰਜਾਬ, ਵਿੱਦਿਆ ਭਵਨ, ਫੇਜ-8, ਮੋਹਾਲੀ;
3. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ;
4. ਕੰਟਰੋਲਰ (ਪ੍ਰੀਖਿਆਵਾਂ), ਡਾਇਰੈਕਟਰ (ਅਕਾਦਮਿਕ), ਡਾਇਰਕੈਟਰ (ਕੰਪਿਊਟਰ), ਇੰਚਾਰਜ ਐਫੀਲੀਏਸ਼ਨ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ